# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

1. ਸਮੂਹ ਜਿਲ੍ਹਾ ਮੈਨੇਜਰ (ਖੇਤਰੀ ਦਫਤਰ), ਪੰਜਾਬ।
2. ਸਮੂਹ ਸਕੂਲ ਮੁੱਖੀ / ਪ੍ਰਿੰਸੀਪਲ, ਪੰਜਾਬ।
3. ਸਮੂਹ ਓਪਨ ਸਕੂਲ, ਅਧਿਐਨ ਕੇਂਦਰ, ਪੰਜਾਬ।

ਨੰ: ਪਸਸਬ/ਪ੍ਰੀਖਿਆ ਬਾਰ੍ਹਵੀਂ/ਸ.ਸ./ 2241 ਮਿਤੀ 19-01-2026

**ਵਿਸ਼ਾ:-** **ਅੱਠਵੀਂ/ਦਸਵੀਂ/ਬਾਰ੍ਹਵੀਂ ਦੀਆਂ ਫਰਵਰੀ/ਮਾਰਚ-2026 ਦੌਰਾਨ ਰੈਗੂਲਰ/ਓਪਨ ਸਕੂਲ ਪ੍ਰਣਾਲੀ ਅਧੀਨ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੇ ਵੇਰਵਿਆਂ, ਰਜਿਸਟ੍ਰੇਸ਼ਨ ਨੰਬਰ, ਫੋਟੋ, ਵਿਸ਼ੇ, ਸਟਰੀਮ, ਜਨਮ ਮਿਤੀ ਅਤੇ ਹਸਤਾਖਰ ਦੀ ਸੋਧ ਦੇ ਚਲਾਨ ਮੁੱਖ ਦਫਤਰ ਅਤੇ ਖੇਤਰੀ ਦਫਤਰਾਂ ਦੇ ਪੱਧਰ ਤੇ ਜਨਰੇਟ ਕਰਦੇ ਹੋਏ ਬਣਦੀ ਫੀਸ ਲੈਣ ਸਬੰਧੀ।**

ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਚੇਅਰਮੈਨ ਜੀ ਦੇ ਆਦੇਸ਼ਾਂ ਅਨੁਸਾਰ ਅੱਠਵੀਂ/ਦਸਵੀਂ/ਬਾਰ੍ਹਵੀਂ ਦੀਆਂ ਫਰਵਰੀ/ਮਾਰਚ-2026 ਦੌਰਾਨ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਰੈਗੂਲਰ/ਓਪਨ ਸਕੂਲ ਪ੍ਰਣਾਲੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੇ ਵੇਰਵਿਆਂ, ਰਜਿਸਟ੍ਰੇਸ਼ਨ ਨੰਬਰ, ਫੋਟੋ, ਵਿਸ਼ੇ, ਸਟਰੀਮ, ਹਸਤਾਖਰ ਅਤੇ ਜਨਮ ਮਿਤੀ ਦੀ ਸੋਧ ਲਈ ਹੇਠ ਲਿਖੇ ਸ਼ਡਿਊਲ ਅਨੁਸਾਰ ਸਮਾਂ ਦਿੱਤਾ ਗਿਆ ਹੈ, ਜਿਸ ਸਬੰਧੀ ਚਲਾਨ ਜਨਰੇਟ ਕਰਨ ਅਤੇ ਫੀਸ ਜਮ੍ਹਾਂ ਕਰਨ ਦੀ ਕਾਰਵਾਈ ਬੋਰਡ ਦੇ ਮੁੱਖ ਦਫਤਰ ਦੇ ਨਾਲ-ਨਾਲ ਸਮੂਹ ਖੇਤਰੀ ਦਫ਼ਤਰਾਂ ਦੇ ਪੱਧਰ ਤੇ ਵੀ ਕੀਤੀ ਜਾਣੀ ਹੈ, ਇਸ ਲਈ ਸਮੂਹ ਖੇਤਰੀ ਦਫਤਰਾਂ ਨੂੰ ਸੋਧਾਂ ਦਾ ਚਲਾਨ ਜਨਰੇਟ ਕਰਨ ਦੇ ਨਾਲ-ਨਾਲ ਫੀਸ ਜਮ੍ਹਾਂ ਕਰਨ ਉਪਰੰਤ ਵੈਰੀਫਾਈ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ, ਨਾਲ ਨੱਥੀ ਚੈੱਕ ਲਿਸਟ ਅਨੁਸਾਰ ਦਸਤਾਵੇਜ਼ ਚੈੱਕ ਕਰਨ ਉਪਰੰਤ ਅੱਠਵੀਂ/ਦਸਵੀਂ/ਬਾਰ੍ਹਵੀਂ (ਰੈਗੂਲਰ/ਓਪਨ ਸਕੂਲ) ਦੀ ਸੋਧ ਲਈ ਹੇਠ ਲਿਖੇ ਅਨੁਸਾਰ ਫੀਸ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ:-

| **ਲੜੀ ਨੰ:-** | **ਸੋਧ ਦਾ ਵੇਰਵਾ** | **ਫੀਸ ਦਾ ਵੇਰਵਾ** | **ਆਨਲਾਈਨ ਕੁਰੈਕਸ਼ਨ ਪ੍ਰੋਫਾਰਮਾ ਜਨਰੇਟ ਕਰਨ ਦੀ ਮਿਤੀ** | **ਚਲਾਨ ਜਨਰੇਟ/ ਚਲਾਨ ਵੈਰੀਫਾਈ ਅਤੇ ਫੀਸ ਭਰਨ ਦੀ ਆਖਰੀ ਮਿਤੀ** |
|---|---|---|---|---|
| 1. | ਵੇਰਵਿਆਂ ਦੀ ਸੋਧ | 1500/- ਰੁਪਏ ਪ੍ਰਤੀ ਸੋਧ | 21-01-2026 | 23-01-2026 |
| 2. | ਰਜਿਸਟ੍ਰੇਸ਼ਨ ਨੰਬਰ, ਫੋਟੋ, ਵਿਸ਼ੇ, ਸਟਰੀਮ, ਜਨਮ ਮਿਤੀ, ਹਸਤਾਖਰ ਆਦਿ | 3000/- ਰੁਪਏ ਪ੍ਰਤੀ ਸੋਧ | | |

ਸਕੂਲਾਂ ਵੱਲੋਂ ਜਿਹਨਾਂ ਪ੍ਰੀਖਿਆਰਥੀਆਂ ਦੇ ਸੋਧਾਂ ਸਬੰਧੀ ਚਲਾਨ ਜਨਰੇਟ ਕੀਤੇ ਗਏ ਹਨ ਪਰੰਤੂ ਫੀਸ ਨਹੀਂ ਭਰੀ ਹੈ, ਉਹਨਾਂ ਦੇ ਚਲਾਨ ਕੈਂਸਲ ਕਰਦੇ ਹੋਏ ਨਵਾਂ ਚਲਾਨ ਜਨਰੇਟ ਕਰਕੇ ਨਵੇਂ ਜਾਰੀ ਸ਼ਡਿਊਲ/ਹਦਾਇਤਾਂ ਅਨੁਸਾਰ ਫੀਸ ਭਰਵਾਉਣੀ ਯਕੀਨੀ ਬਣਾਈ ਜਾਵੇ।

19/01/26

ਸਹਾਇਕ ਸਕੱਤਰ
(ਪ੍ਰੀਖਿਆ ਬਾਰ੍ਹਵੀਂ)